21 Sep 2001

ਵੰਨ-

# ਦਰਸ਼ਨ ਦੇ ਬੀਬੀਏ ਸੰਗਤੇ ਦਰ 'ਤੇ ਵੋਟ ਸਵਾਲੀ ਆਏ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਪੰਚਾਇਤ ਸਾਡੇ ਪੇਂਡੂ ਭਾਈਚਾਰੇ ਦੀ ਬੜੀ ਸਤਿਕਾਰਯੋਗ ਸੰਸਥਾ ਹੈ। ਪੰਚ ਤੇ ਸਰਪੰਚ ਉਹੀ ਵਿਅਕਤੀ ਹੁੰਦੇ ਸਨ, ਜਿਨ੍ਹਾਂ ਦਾ ਕਿਹਾ ਸਿਰਮੱਥੇ 'ਤੇ ਹੁੰਦਾ ਸੀ ਕਿਉਂਕਿ ਉਹ ਕਿਸੇ ਵੀ ਝਗੜੇ 'ਚ ਨਿਰਪੱਖ ਹੋ ਕੇ ਫੈਸਲਾ ਦੇਂਦੇ ਸਨ। ਇਸ ਸੰਸਥਾ ਨੂੰ ਢਾਅ ਲਗ ਗਈ ਹੈ ਕਿਉਂਕਿ ਹੁਣ ਉਹੀ ਪੰਚ-ਸਰਪੰਚ ਕਾਮਯਾਬ ਗਿਣੇ ਜਾ ਸਕਦੇ ਹਨ ਜੋ ਮੰਤਰੀਆਂ ਜਾਂ ਅਧਿਕਾਰੀਆਂ ਕੋਲੋਂ ਵੱਧ ਤੋਂ ਵੱਧ ਗਰਾਂਟਾਂ ਦੇ ਚੈੱਕ ਲਿਆ ਸਕਦੇ ਹਨ। ਇਹ ਕਾਰਜ ਉਂਜ ਸ੍ਰੀ ਪ੍ਰਤਾਪ ਸਿੰਘ ਕੈਰੋਂ ਤੋਂ ਹੀ ਸ਼ੁਰੂ ਹੋ ਗਿਆ ਸੀ ਪਰ ਇਹ ਦਾ ਸਿਖਰ ਹੁਣ ਸੰਗਤ ਦਰਸ਼ਨ ਦੇ ਰੂਪ ਵਿਚ ਸਾਹਮਣੇ ਆ ਗਿਆ ਹੈ। ਇਹ ਠੱਗਾਂ ਦਾ ਕਾਰਜ ਖੇਤਰ ਬਣ ਚੁੱਕਿਆ ਹੈ ਭਾਵੇਂ ਉਹ ਸਿਆਸੀ ਠੱਗ ਹੋਣ ਜਾਂ ਪੇਸ਼ਾਵਰ ਠੱਗ।

ਸਾਡੀਆਂ ਲੋਕ ਕਹਾਣੀਆਂ ਵਿਚ ਵੱਖ-ਵੱਖ ਪੇਸ਼ਿਆਂ ਨਾਲ ਜੁੜੇ ਲੋਕਾਂ ਦੀਆਂ ਕਹਾਣੀਆਂ ਮਿਲਦੀਆਂ ਹਨ। ਜੁਲਾਹਿਆਂ ਦੀਆਂ, ਤੇਲੀਆਂ ਦੀਆਂ, ਜੱਟਾਂ ਦੀਆਂ - ਜੱਟ ਯਮਲਾ ਖ਼ੁਦਾ ਨੂੰ ਲੈ ਗਏ ਚੋਰ। ਹਰ ਇਕ ਪੇਸ਼ੇ ਨਾਲ ਜੁੜੀ ਕਹਾਣੀ ਦੀ ਆਪਣੀ ਇਕ ਵਿਸ਼ੇਸ਼ ਸ਼ੈਲੀ ਹੁੰਦੀ ਹੈ। ਲੋਕ ਕਹਾਣੀਆਂ ਵਿਚ ਠੱਗਾਂ ਦੀਆਂ ਵੀ ਬੜੀਆਂ ਕਹਾਣੀਆਂ ਹਨ ਤੇ ਉਨ੍ਹਾਂ ਦੀ ਇਕ ਵਿਸ਼ੇਸ਼ ਸ਼ੈਲੀ ਹੈ। ਠੱਗ ਸਮੇਂ ਦੀ ਨਜ਼ਾਕਤ ਦਾ ਫਾਇਦਾ ਉਠਾਉਂਦੇ ਹਨ। ਉਹ ਸਵਾਂਗ ਰਚਦੇ ਹਨ। ਬਹਿਰੂਪੀਏ ਬਣਦੇ ਹਨ ਤੇ ਫੇਰ ਇਕ ਵਿਉਂਤ ਬਣਾ ਕੇ ਭੋਲੇ-ਭਾਲੇ ਲੋਕਾਂ ਨੂੰ ਠੱਗਦੇ ਹਨ। ਠੱਗਾਂ ਦੀ ਸ਼ੈਲੀ ਨੂੰ ਅਪਨਾਉਂਦੇ ਹੋਏ, ਮੈਂ ਇਕ ਨਾਟਕ ਮੰਚਨ ਲਈ ਤਿਆਰ ਕੀਤਾ ਹੈ, ਜਿਸ ਦਾ ਸਿਰਲੇਖ ਹੈ :

ਦਰਸ਼ਨ ਦੇ ਬੀਬੀਏ ਸੰਗਤੇ
ਦਰ 'ਤੇ ਵੋਟ ਸਵਾਲੀ ਆਏ।

ਜਿਸ ਤਰ੍ਹਾਂ ਨਾਂ ਤੋਂ ਹੀ ਸਪਸ਼ਟ ਹੈ, ਇਹ 'ਸੰਗਤ ਦਰਸ਼ਨ' 'ਤੇ ਇਕ ਵਿਅੰਗ ਹੈ ਤੇ ਨਾਟਕ ਦਾ ਨਾਂ ਲੋਕ ਬੋਲੀ 'ਤੇ ਆਧਾਰਤ ਹੈ 'ਬੂਹਾ ਖੋਲ੍ਹ ਬਸੰਤਰੀਏ, ਤੇਰਾ ਢੋਲ ਸ਼ਰਾਬੀ ਆਇਆ।'

ਨਾਟਕ ਸ਼ੁਰੂ ਹੋਣ 'ਤੇ ਇਕ ਬਜ਼ੁਰਗ ਅਤੇ ਇਕ ਨੌਜਵਾਨ ਮੰਚ 'ਤੇ ਆਉਂਦੇ ਹਨ। ਉਨ੍ਹਾਂ ਦੀ ਚਾਲ-ਢਾਲ ਤੋਂ ਹੀ ਇਹ ਸਥਾਪਤ ਹੁੰਦਾ ਹੈ ਕਿ ਉਹ ਕਿਸ ਪੇਸ਼ੇ ਦੇ ਬੰਦੇ ਹਨ।

- ਸ੍ਰੀਮਾਨ ਚਾਚਾ ਠੱਗ ਜੀਓ।
- ਹਾਂ, ਪਿਆਰੇ ਭਤੀਜੇ।
- ਬੜਾ ਮੰਦਾ ਚਲ ਰਿਹਾ ਏ।
- ਉਹ ਤਾਂ ਚਲ ਰਿਹਾ ਏ।
- ਪਹਿਲੇ ਤਾਂ ਕੋਈ ਟਾਂਵਾਂ, ਟਾਂਵਾਂ ਸਾਡੇ ਪੇਸ਼ੇ 'ਚ ਆਉਂਦਾ ਸੀ, ਹੁਣ ਤਾਂ ਵੱਡੇ ਲੋਕਾਂ ਨੇ ਇਹ ਪੇਸ਼ਾ ਅਪਣਾ ਲਿਆ ਏ।
- ਹਾਂ ਚਾਚਾ, ਬੜਾ ਕੰਪੀਟੀਸ਼ਨ ਹੋ ਗਿਆ ਏ।
- ਭਤੀਜੇ, ਸਰਕਾਰ ਦੀ ਉਦਾਰ ਨੀਤੀ ਕਰਕੇ ਠੱਗੀ ਫ਼ਰੀ ਮਾਰਕੀਟ ਦਾ ਹਿੱਸਾ ਬਣ ਗਈ ਏ। ਵਿਸ਼ਵ ਭਰ ਦੇ ਠੱਗ ਮਾਰਕੀਟ 'ਚ ਆ ਗਏ ਹਨ।
- ਆ ਓ ਚਾਚਾ, ਪਹਿਲੇ ਤਾਂ ਸਿਰਫ ਆਪਣੇ ਹੀ ਸਨ।
- ਤਾਂਹੀਓਂ ਘੁਟਾਲੇ 'ਤੇ ਘੁਟਾਲਾ ਸੀ, ਦਾਲ 'ਚ ਹਰ ਥਾਂ ਕਾਲਾ ਹੀ ਕਾਲਾ ਸੀ।
- ਪਰ ਹੁਣ ਤਾਂ ਚਿੱਟਾ ਕਿਧਰੇ ਦਿਸਦਾ ਨਹੀਂ।
- ਗਾਂਧੀ ਦੀ ਟੋਪੀ ਵਾਂਗ ਉਹ ਵੀ ਗਾਇਬ ਹੋ ਗਿਆ।
- ਗਾਇਬ ਨਹੀਂ, ਅੰਡਰਗਰਾਊਂਡ ਹੋ ਗਿਆ ਏ। ਗਾਂਧੀ ਟੋਪੀ ਸਮਾਂ ਆਉਣ 'ਤੇ ਫੇਰ ਬਾਹਰ ਆ ਜਾਏਗੀ।
- ਫੇਰ ਕੁਝ ਸੋਚ।
- ਮੈਂ ਵੀ ਸੋਚਦਾ ਹਾਂ, ਤੂੰ ਵੀ ਸੋਚ।

(ਸੋਚਦੇ ਹਨ)।

- ਚਾਚਾ ਸੁੱਝ ਗਿਆ।
- ਕੀ ?
- ਪਿਛਲੇ ਹਫਤੇ ਮੰਡੀ 'ਚ ਹੋਏ ਜਲਸੇ 'ਚ ਤੂੰ ਗਿਆ ਸੀ ?
- ਗਿਆ ਸੀ ਤੇ ਬੜਾ ਕੁਝ ਦੇਖਿਆ ਸੀ।
- ਕੀ ਦੇਖਿਆ ਸੀ ?
- ਕਿਸੇ ਮੰਤਰੀ ਨੇ ਆਉਣਾ ਸੀ ਸੰਗਤ ਦਰਸ਼ਨ ਲਈ। ਇਲਾਕੇ ਭਰ ਦੇ ਪੰਚ-ਸਰਪੰਚ ਉਥੇ ਬੈਠੇ ਸਨ। ਚਿੱਟੀਆਂ-ਨੀਲੀਆਂ ਵਾਲੇ ਬੀਬੀਆਂ ਦਾੜ੍ਹੀਆਂ ਵਾਲੇ। ਰਾਲ੍ਹਾਂ ਉਨ੍ਹਾਂ ਦੇ ਮੂੰ ਚ ਟਪਕ ਰਹੀਆਂ ਸਨ।
- ਉਹ ਕਿਉਂ ?
- ਮੰਤਰੀ ਨੇ ਉਨ੍ਹਾਂ ਨੂੰ ਗਰਾਂਟਾਂ ਦੇ ਚੈੱਕ ਦੇਣੇ ਸਨ।
- ਉਹਦੇ ਵਿਚੋਂ ਉਨ੍ਹਾਂ ਨੂੰ ਕੀ ਮਿਲਣਾ ਸੀ। ਗਰਾਂਟਾਂ ਤਾਂ ਪਿੰਡ ਦੇ ਕੰਮਾਂ ਲਈ ਮਿਲਣੀਆਂ ਸਨ।
- ਤੂੰ ਵੀ ਭੋਲਾ ਏਂ। ਏਨਾ ਚਿਰ ਠੱਗੀ ਦੇ ਪੇਸ਼ੇ 'ਚ ਏਂ, ਹਾਲੀ ਤਕ ਇਹ ਵੀ ਨਹੀਂ ਸਮਝਿਆ।

ਗਰਾਂਟਾਂ ਦੇ ਚੈੱਕ ਲਵੋ ਮੇਰੇ ਭਾਈ
ਸੌ ਵਿਚੋਂ ਦਸ ਦਾ ਕੰਮ ਕਰਾਓ ਮੇਰੇ ਭਾਈ
ਬਾਕੀ ਨੱਬੇ ਛੱਕੋ ਛਕਾਓ ਮੇਰੇ ਭਾਈ।

- ਸੋ ਅਸੀਂ ਵੀ ਇਕ ਪੜਪੰਚ ਰਚਾਵਾਂਗੇ। ਨਾਂ ਹੋਵੇਗਾ 'ਸੰਗਤ ਦਰਸ਼ਨ'।
- ਪਰ ਦਰਸ਼ਨਾਂ ਲਈ ਸੰਗਤ ਕਿਥੋਂ ਆਏਗੀ?
- ਇਹ ਵੀ ਕੋਈ ਮੁਸ਼ਕਲ ਏ। ਆਪਣੇ ਪਿੰਡ ਦੀ ਸੰਗਤੋ ਏ ਉਹ ਨੂੰ ਮੰਤਰੀ ਜੀ ਅੱਗੇ ਪੇਸ਼ ਕਰ ਦੇਵਾਂਗੇ। ''ਲੈ ਬਈ ਮਨਿਸਟਰਾ, ਬੀਬੀ ਸੰਗਤ ਕੌਰ ਦੇ ਖੁੱਲ੍ਹੇ ਦਰਸ਼ਨ ਪਾ, ਸਾਡਾ ਚੈੱਕ ਸਾਨੂੰ ਫੜਾ।''
- ਫੇਰ ਉਹ ਫੜਾ ਦੇਵੇਗਾ?
- ਉਹਨੇ ਕਿਹੜਾ ਪਲਿਓਂ ਦੇਣੇ ਨੇ? ਬੈਂਕਾਂ 'ਚੋਂ ਉਧਾਰ ਲੈਣੇ ਨੇ ਤੇ ਅੱਗੋਂ ਵੰਡਣੇ ਨੇ। ਆਪੇ ਆਉਣ ਵਾਲੀਆਂ ਪੀੜ੍ਹੀਆਂ ਲਾਹੁੰਦੀਆਂ ਰਹਿਣਗੀਆਂ।

× × ×

ਐਕਟ ਦੂਜਾ ਸ਼ੁਰੂ ਹੁੰਦਾ ਹੈ। ਹੁਣ ਦੋਨੋਂ ਠੱਗਾਂ ਦੇ ਸਿਰ 'ਤੇ ਵੱਡੇ ਵੱਡੇ ਪੱਗੜ ਹਨ। ਬੀਬੀ ਸੰਗਤ ਕੌਰ ਦੇ ਦਰ 'ਤੇ ਆਵਾਜ਼ ਦਿੰਦੇ ਹਨ

- ਸੰਗਤ ਕੌਰੇ (ਉੱਚੀ ਸਾਰੀ) ਬੀਬੀ ਸੰਗਤ ਕੌਰੇ
- ਬੀਬੀ ਸੰਗਤ ਕੌਰ ਜੀ
- (ਚੁੰਨੀ ਨਾਲ ਹੱਥ ਪੂੰਝਦੀ ਹੋਈ ਬਾਹਰ ਆਉਂਦੀ ਹੈ) ਕੀ ਹਾਲ ਏ ਚੌਧਰੀ ਜੀ?
- ਤੂੰ ਤਾਂ ਹਾਲੇ ਉਸੇ ਤਰ੍ਹਾਂ ਫਿਰਨੀ ਪਈ ਏਂ?
- ਨਾ ਹੀ ਕੱਪੜੇ ਬਦਲੇ ਨੇ, ਨਾ ਹੀ ਕੰਘੀ ਕੀਤੀ ਏ?
- ਗੱਲ ਕੀ ਏ?
- ਰਾਤੀਂ ਤੈਨੂੰ ਸੁਨੇਹਾ ਨਹੀਂ ਸੀ ਮਿਲਿਆ?
- ਨਹੀਂ ਤਾਂ?
- ਵੱਡੇ ਮੰਤਰੀ ਜੀ ਨੇ ਤੇਰੇ ਦਰਸ਼ਨ ਕਰਨੇ ਨੇ।
- ਕਿਉਂ? ਮੇਰੇ ਗਰੀਬਣੀ ਦੇ ਦਰਸ਼ਨਾਂ ਦੀ ਕੀ ਲੋੜ ਪੈ ਗਈ ਏ?
- ਲੋੜ ਹੀ ਤੇਰੇ ਦਰਸ਼ਨਾਂ ਦੀ ਏ।
- ਵੋਟਾਂ ਦਾ ਸੀਜ਼ਨ ਆ ਗਿਆ ਏ
- ਜਿਸ ਤਰ੍ਹਾਂ ਮਾਰਕੀਟ 'ਚ ਫਲਾਂ ਦਾ ਸੀਜ਼ਨ ਆਉਂਦਾ ਹੈ।
- ਹੁਣ ਮਾਰਕੀਟ ਵਿਚ ਵੋਟਾਂ ਦਾ ਸੀਜ਼ਨ ਆ ਗਿਆ ਹੈ।

× × ×

ਅੱਗੇ ਨਾਟਕ ਠੱਗਾਂ ਦੀ ਸ਼ੈਲੀ 'ਚ ਇਕ ਸਵਾਂਗ ਦੇ ਰੂਪ 'ਚ ਚਲਦਾ ਹੈ। ਮੰਤਰੀ ਆਉਂਦਾ ਹੈ। ਸੰਗਤ ਕੌਰ ਉਸ ਨੂੰ ਲੁਭਾਂਦੀ ਹੈ। ਠੱਗ ਏਜੰਟਾਂ ਦੀ ਭੂਮਿਕਾ ਨਿਭਾਉਂਦੇ ਹਨ। ਮੰਤਰੀ ਚੈੱਕ ਫੜਾਉਂਦਾ ਹੈ। ਗਲੀਆਂ ਪੱਕੀਆਂ ਕਰਨ ਦੀਆਂ, ਸਕੂਲ ਚੌਥੀ ਤੋਂ ਅੱਠਵੀਂ ਜਮਾਤ ਤਕ ਕਰਨ ਦੀਆਂ, ਪਾਣੀ ਦੇ ਨਿਕਾਸ ਦੀਆਂ, 10 ਬੈੱਡਾਂ ਦੇ ਹਸਪਤਾਲ ਦੀਆਂ, ਖੇਡਾਂ ਦੇ ਸਟੇਡੀਅਮ ਦੀਆਂ, ਧਰਮਸ਼ਾਲਾ ਬਣਾਉਣ ਦੀਆਂ ਆਦਿ ਸਭ ਗੱਲਾਂ ਹੁੰਦੀਆਂ ਹਨ। ਜਿਸ ਤਰ੍ਹਾਂ ਇਹ ਸਭ ਕੁਝ ਕਰਨਾ ਸਰਕਾਰ ਦੇ ਫਰਜ਼ਾਂ 'ਚ ਨਹੀਂ ਆਉਂਦਾ ਸਗੋਂ ਮੰਤਰੀ ਦੇ ਰਹਿਮੋ-ਕਰਮ 'ਤੇ ਹੈ। ਬੀਬੀ ਸੰਗਤ ਨੂੰ ਉਹਦਾ ਅਹਿਸਾਨ ਮੰਨਣਾ ਚਾਹੀਦਾ ਹੈ। ਆਪਣਾ ਹੱਥ (ਕੀਮਤੀ ਵੋਟਾਂ ਵਾਲਾ) ਉਹਨੂੰ ਫੜਾਉਣਾ ਚਾਹੀਦਾ ਹੈ। ਅਭਿਨੈ ਰਾਹੀਂ, ਮੂਕ ਐਕਸ਼ਨਾਂ ਨਾਲ, ਆਵਾਜ਼ਾਂ ਨਾਲ ਸਭ ਕੁਝ ਸਥਾਪਤ ਕੀਤਾ ਜਾਂਦਾ ਹੈ। ਸੰਗਤ ਕੌਰ ਨਾਲ ਬਲਾਤਕਾਰ ਵਰਗਾ ਹਾਦਸਾ ਵੀ ਵਾਪਰ ਜਾਂਦਾ ਹੈ। ਠੱਗਾਂ ਲਈ ਇਹ ਖੇਡ ਦਾ ਹਿੱਸਾ ਹੈ। ਉਨ੍ਹਾਂ ਨੇ ਵੱਡੀ ਰਕਮ ਬੋਝੇ 'ਚ ਪਾ ਲਈ ਹੈ। ਠੱਗੀ ਉਨ੍ਹਾਂ ਦਾ ਪੇਸ਼ਾ ਏ, ਬਿਨਾਂ ਠੱਗੀ ਨਾ ਧੇਲਾ ਏ ਨਾ ਪੈਸਾ ਏ। ਨਾਟਕ ਆਖਰੀ ਦ੍ਰਿਸ਼ 'ਤੇ ਪੁੱਜਦਾ ਹੈ।

- ਲੈ ਬਈ ਕਮਾਲਾਂ ਹੋ ਗਈਆਂ।
- ਵੱਡੀਆਂ ਵੱਡੀਆਂ, ਠੱਗੀਆਂ ਕੀਤੀਆਂ।
- ਕੱਖਾਂ ਤੋਂ ਲੱਖਾਂ ਬਣਾਏ, ਪਰ ਇਹੋ ਜਿਹਾ ਸੀਜ਼ਨ ਕਦੇ ਨਹੀਂ ਸੀ ਲਗਿਆ। (ਸੰਗਤ ਕੌਰ ਬੋਲਦੀ ਹੈ।)
- ਚੌਧਰੀਓ, ਮੇਰਾ ਵੀ ਕੁਝ ਬਣਾਓ।
- ਸਕੂਲ ਤੇਰਾ ਚੌਥੀ ਤੋਂ ਅੱਠਵੀਂ ਤਕ ਬਣਾ ਦਿੱਤਾ।
- ਪਰ ਉਥੇ ਤਾਂ ਮਾਸਟਰ ਕੋਈ ਨਹੀਂ।
- ਸਕੂਲ ਬਣਾਇਆ ਤੇ ਮਾਸਟਰ ਵੀ ਆ ਜਾਏਗਾ।
- ਹਸਪਤਾਲ ਲੁ ਦਿੱਤਾ।
- ਉਥੇ ਡਾਕਟਰ ਕੋਈ ਆਉਂਦਾ ਨਹੀਂ।
- ਆ ਜਾਏਗਾ।
- ਦਵਾਈ ਕੋਈ ਨਹੀਂ।
- ਆ ਜਾਏਗੀ।
- ਸੜਕ ਬਣੀ ਸੀ ਟੁੱਟ ਗਈ।
- ਨਵੀਂ ਬਣ ਜਾਏਗੀ।
- ਚੌਧਰੀ ਸੰਗਤ ਕੌਰ ਤੋਂ ਬੇਖ਼ਬਰ ਚੈਕਾਂ ਦੀ ਰਕਮ ਆਪਸ ਵਿਚ ਵੰਡਦੇ ਹਨ। ਸੰਗਤ ਕੌਰ ਉਨ੍ਹਾਂ ਵੱਲ ਵੇਖਦੀ ਹੈ। ਹੌਲੀ ਹੌਲੀ ਚੰਡੀ ਦਾ ਰੂਪ ਧਾਰਦੀ ਹੈ। ਮਾਰੂ ਹਥਿਆਰ ਚੁੱਕਦੀ ਹੈ। ਉਨ੍ਹਾਂ ਨੂੰ ਘੇਰਦੀ ਹੈ:

ਅੰਤਿਕਾ: ਸੰਗਤ ਹੱਕਆਪਣਾ ਮੰਗਦੀ ਹੈ।
ਦੰਭ ਹੋਰ ਨਾ ਜਰਦੀ ਹੈ।
ਲਾਟ ਬਾਂਗੂ ਬਲਦੀ ਹੈ।
ਭਾਂਬੜ ਵਾਂਗੂ ਮਚਦੀ ਹੈ।
ਭਾਂਬੜ ਜੋ ਦੰਭ ਨੂੰ ਸਾੜ ਕਰੇ ਸਵਾਹ।
ਸੰਗਤ ਕੋਲ ਹੁਣ ਇਕੋ ਰਾਹ।

ਲੋਕ ਜਾਗਰਿਤੀ ਦੇ ਸੰਕੇਤ ਨਾਲ ਨਾਟਕ ਖਤਮ ਹੁੰਦਾ ਹੈ। ਇਹ ਵਿਅੰਗ ਵੀ ਹੈ। ਯਥਾਰਥ ਵੀ ਹੈ। ਇਛੱਕ ਯਥਾਰਥ ਵੀ ਹੈ। ਨਾਟਕ ਵੀ ਹੈ। ਲਘੂ ਨਾਟਕ ਵੀ।